**TODAY'S HUKAMNAMA FROM SRI DARBAR SAHIB**
**Sri Amritsar.**

**[June 18, 2013, Tuesday 04:30 AM. IST]**

ਸਲੋਕੁ ਮਃ ੩ ॥

ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥ ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ ॥ ਸਹਸਾ ਰੋਗੁ ਨ ਛੋਡਈ ਦੁਖ ਹੀ ਮਹਿ ਦੁਖ ਪਾਹਿ ॥ ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ ਮਿਲਾਹਿ ॥੧॥ ਮਃ ੩ ॥ ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥ ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ ॥ ਨਾਨਕ ਗੁਰਮੁਖਿ ਬਖਸੀਅਹਿ ਸੇ ਸਤਿਗੁਰ ਮੇਲਿ ਮਿਲਾਉ ॥੨॥ ਪਉੜੀ ॥ ਜੋ ਸੇਵਹਿ ਸਤਿ ਮੁਰਾਰਿ ਸੇ ਭਵਜਲ ਤਰਿ ਗਇਆ ॥ ਜੋ ਬੋਲਹਿ ਹਰਿ ਹਰਿ ਨਾਉ ਤਿਨ ਜਮੁ ਛਡਿ ਗਇਆ ॥ ਸੇ ਦਰਗਹ ਪੈਧੇ ਜਾਹਿ ਜਿਨਾ ਹਰਿ ਜਪਿ ਲਇਆ ॥ ਹਰਿ ਸੇਵਹਿ ਸੇਈ ਪੁਰਖ ਜਿਨਾ ਹਰਿ ਤੁਧੁ ਮਇਆ ॥ ਗੁਣ ਗਾਵਾ ਪਿਆਰੇ ਨਿਤ ਗੁਰਮੁਖਿ ਭ੍ਰਮ ਭਉ ਗਇਆ ॥੭॥

ਵਾਹਿਗੁਰੂ ਵੱਲੋਂ ਮਨੁੱਖ ਨੂੰ ਸੱਚਾ ਆਤਮਕ ਉਪਦੇਸ਼ ਦੇਣ ਲਈ ਗੁਰੂ ਦੀ ਸਥਾਪਨਾ ਕੀਤੀ ਗਈ ਹੈ ਜੋ ਜੀਵਨ ਦਾ ਸਹੀ ਰਾਹ ਵਿਖਾਉਂਦਾ ਹੈ । ਪਰੰਤੂ ਕਈ ਮਨੁੱਖ ਆਪਣੀ ਚਤੁਰਾਈ ਤੇ ਸਿਆਣਪ ਵਿਚ ਫਸ ਕੇ ਗੁਰੂ ਤੋਂ ਬੇਮੁਖ ਹੋ ਜਾਂਦੇ ਹਨ ।ਉਹ ਆਤਮਕ ਜੀਵਨ ਦੀ ਸਾਰ ਨਹੀਂ ਜਾਣ ਸਕਦੇ ਤੇ ਸੰਸਾਰਕ ਮੋਹ ਮਾਇਆ ਫਸ ਕੇ ਆਪਣਾ ਅਮੋਲਕ ਜੀਵਨ ਗਵਾਂ ਲੈਂਦੇ ਹਨ ।ਪਰੰਤੂ ਕਿਸੇ ਵੀ ਸਮੇ ਜੇਕਰ ਉਹ ਗੁਰੂ ਦੀ ਸ਼ਰਣ ਪੈ ਜਾਣ ਤਾਂ ਸਮਰੱਥ ਸਤਿਗੁਰੂ ਉਨ੍ਹਾਂ ਦਾ ਵੀ ਕਲਿਆਣ ਕਰ ਦਿੰਦਾ ਹੈ ।ਸਤਿਗੁਰਾਂ ਦੁਆਰਾ ਦੱਸੇ ਜੀਵਨ ਦੇ ਸਹੀ ਮਾਰਗ ਤੇ ਚਲਦਿਆਂ ਮਨੁੱਖ ਆਪਣਾ ਲੋਕ ਪ੍ਰਲੋਕ ਸਵਾਰ ਲੈਂਦਾ ਹੈ ।